№ 000180

**B-4R14-KI-QVB**

# PUNJABI

## Paper II

## (Literature)

**Time Allowed : Three Hours** | **Maximum Marks : 300**

---

### INSTRUCTIONS

***Candidates should attempt questions 1 and 5 which are compulsory, and any THREE of the remaining questions, selecting at least ONE question from each Section.***

***The number of marks carried by each question is indicated at the end of the question.***

***Answer must be written in Punjabi (Gurmukhi Script).***

punjabiforias.com
by Satinder Sir

---

### SECTION A

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ-ਸਹਿਤ ਅਤੇ ਆਲੋਚਨਾਤਮਕ ਵਿਆਖਿਆ ਕਰੋ : *3×20=60*

(a) ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ ।
ਫਰੀਦਾ ਜਿਤੁ ਤਨ ਬਿਰਹੁ ਨ ਊਪਜੈ ਸੋ ਤਨ ਜਾਣੁ ਮਸਾਨੁ ॥
ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ।
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥
ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ ।
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥

(b) ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪਤਾਉ ॥
ਅਸੰਖ ਗਰੰਥ ਮੁਖਿ ਵੇਦ ਪਾਠ ॥
ਅਸੰਖ ਜੋਗ ਮਨਿ ਰਹਹਿ ਉਦਾਸ ॥
ਅਸੰਖ ਭਗਤ, ਗੁਣ ਗਿਆਨ ਵੀਚਾਰ ॥
ਅਸੰਖ ਸਤੀ, ਅਸੰਖ ਦਾਤਾਰ ॥

(c) ਉਮਰ ਗਵਾਈ ਵਿਚ ਮਸੀਤੀ
ਅੰਦਰ ਭਰਿਆ ਨਾਲ ਪਲੀਤੀ
ਕਦੇ ਤੌਹੀਦ ਨਮਾਜ਼ ਨਾ ਕੀਤੀ
ਹੁਨ ਕੀ ਕਰਨਾ ਈ ਸ਼ੋਰ ਪੁਕਾਰ
ਇਸ਼ਕ ਦੀ ਨਵੀਓ ਨਵੀਂ ਬਹਾਰ ।

(d) ਮੈਨੂੰ ਬਾਬਲੇ ਦੀ ਸਹੁੰ ਰਾਂਝਣਾ ਵੇ,
ਮਰੇ ਜਾਉਂ ਜੇ ਤੁਸ ਥੀਂ ਮੁਖ ਮੋੜਾਂ ।
ਤੇਰੇ ਬਾਝ ਤਾਂ ਤਾਮ ਹਰਾਮ ਮੈਨੂੰ,
ਤੁਧ ਬਾਝ ਨਾ ਨੈਣ ਨਾਲ ਨੈਣ ਜੋੜਾਂ ।
ਖਾਜਾ ਖਿਜ਼ਰ ਤੇ ਬੈਠ ਕੇ ਕਸਮ ਖਾਧੀ,
ਥੀਵਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ ।
ਕੋੜ੍ਹੀ ਹੋਇ ਕੇ ਨੈਣ ਪਰਾਣ ਜਾਵਣ,
ਤੇਰੇ ਬਾਝ ਜੇ ਮੁਣਸ ਮੈਂ ਹੋਰ ਲੋੜਾਂ ।

2. ਸ਼ੇਖ ਫਰੀਦ ਅਤੇ ਬੁੱਲ੍ਹੇਸ਼ਾਹ ਦੇ ਸੂਫੀਵਾਦ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕਰੋ । 60

3. 'ਗੁਰੂ ਨਾਨਕ ਦੇਵ ਦੀ ਬਾਣੀ ਇਕ ਅਜਿਹਾ ਸਮਾਜ ਉਸਾਰਨ ਦਾ ਸੰਦੇਸ਼ ਦਿੰਦੀ ਹੈ, ਜਿਸ ਵਿਚ ਹਰੇਕ ਮਨੁੱਖ ਆਦਰਸ਼ਕ ਜੀਵਨ ਜਿਉਂ ਸਕੇਗਾ ।' ਉਦਾਹਰਣਾਂ ਦੇ ਕੇ ਸਪਸ਼ਟ ਕਰੋ । 60

punjabiforias.com
by Satinder Sir
Scanned with CamScanner

4. 'ਹੀਰ ਵਾਰਿਸ' ਇਕ ਪ੍ਰੇਮ-ਕਹਾਣੀ ਦਾ ਕਲਾਤਮਕ ਬਿਰਤਾਂਤ ਹੀ ਨਹੀਂ, ਇਹ ਆਪਣੇ ਸਮਕਾਲੀ ਸਮਾਜ ਦਾ ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸਭਿਆਚਾਰਕ ਇਤਿਹਾਸ ਵੀ ਹੈ । ਦਲੀਲਯੁੱਕਤ ਉੱਤਰ ਲਿਖੋ ।

punjabiforias.com
by Satinder Sir

Scanned with CamScanner

## SECTION B

**5.** ਹੇਠਾਂ ਲਿਖੇ ਕਾਵਿ/ਗੱਦ ਖੰਡਾਂ ਵਿਚੋਂ ਕਿਸੇ *ਤਿੰਨ* ਦੀ ਆਲੋਚਨਾਤਮਕ ਵਿਆਖਿਆ ਕਰੋ : **3×20=60**

(a) ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਇ ।
ਛੋੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਇ ।
ਖੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਇ ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਇ ।

(b) ਉਸ ਨੂੰ ਆਖ, ਅੱਖੀਂ ਆ ਕੇ ਦੇਖ ਜਾਏ,
ਸਾਨੂੰ ਕੂੰਜ ਦੇ ਵਾਂਗ ਕੁਰਲਾਂਦਿਆਂ ਨੂੰ ।
ਵਾਟਾਂ ਵੇਹੰਦਿਆਂ, ਔਸੀਆਂ ਪਾਂਦਿਆਂ ਨੂੰ,
ਤਾਰੇ ਗਿਣ ਗਿਣ ਕੇ ਰਾਤਾਂ ਲੰਘਾਂਦਿਆਂ ਨੂੰ ।
ਸਾਂਗਾਂ ਸਹਿੰਦਿਆਂ, ਜਿੰਦ ਲੁੜਛਾਂਦਿਆਂ ਨੂੰ,
ਘੁਲ ਘੁਲ ਹਿਜਰ ਵਿਚ ਮੁਕਦਿਆਂ ਜਾਂਦਿਆਂ ਨੂੰ ।

(c) ਪੁੱਤਰ ਆਪਣੀ ਮਾਂ ਨੂੰ ਇਹ ਦੱਸਣ ਦੀ ਖੁਸ਼ੀ ਲੈਣ ਕਿ ਉਹਨਾਂ ਨੂੰ ਆਪਣੀ ਬੇ-ਬਹਾ ਦੌਲਤ ਦੀ ਕਦਰ ਹੈ । ਇਹ ਠੀਕ ਹੈ, ਤੁਹਾਡੇ ਨੌਕਰ ਜਾਂ ਤੁਹਾਡੇ ਬੱਚੇ ਤੁਹਾਡੀ ਮਾਂ ਦੀ ਸੇਵਾ ਕਰਦੇ ਹਨ — ਤੁਸੀਂ ਕਿਸੇ ਨੂੰ ਮਾਂ ਦਾ ਨਿਰਾਦਰ ਨਹੀਂ ਕਰਨ ਦਿੰਦੇ ਪਰ ਨਿਰਾ ਇਹ ਕਾਫ਼ੀ ਨਹੀਂ । ਤੁਹਾਡੀ ਮਾਂ ਨੇ ਤੁਹਾਡਾ ਕੰਮ ਕਦੇ ਕਿਸੇ ਕੋਲੋਂ ਨਹੀਂ ਸੀ ਕਰਾਇਆ । ਉਹਨੂੰ ਇਤਬਾਰ ਹੀ ਨਹੀਂ ਸੀ ਕਿ ਉਹਦੇ ਨਾਲੋਂ ਚੰਗੇਰਾ ਕੋਈ ਤੁਹਾਡਾ ਕੰਮ ਕਰ ਸਕਦਾ ਹੈ । ਜਦੋਂ ਤੁਸੀਂ ਕਹਾਣੀ ਸੁਣਨਾ ਚਾਹੁੰਦੇ ਸੀ, ਉਹਨੇ ਕਦੇ ਨਹੀਂ ਸੀ ਸੋਚਿਆ, ਉਹ ਕੀ ਸੁਣਾਵੇ ? ਉਹਨੂੰ ਪਤਾ ਹੁੰਦਾ ਸੀ, ਕਿਹੜੇ ਵੇਲੇ ਤੁਹਾਨੂੰ ਕਿਹੜੀ ਕਹਾਣੀ ਚੰਗੀ ਲੱਗਦੀ ਹੈ ।

punjabiforias.com by Satinder Sir



Scanned with CamScanner

2008

(d) ਕਿਉਂ ਨਾ ਫਰੋਲਾਂ, ਇਹ ਸਿਵੇ ਕਦੇ ਵੀ ਨਹੀਂ ਸਨ ਬੁਝੇ । ਇਹਨਾਂ ਹੇਠ ਸਦਾ ਅੰਗਾਰ ਮਘਦੇ ਰਹੇ । ਜਦ ਬੈਣੋ ਇਸ ਘਰ ਵਿਚ ਸੀ ਤਾਂ ਮੇਰੇ ਅੰਦਰ ਦੋ ਤੀਵੀਆਂ ਵਸਦੀਆਂ ਸਨ । ਦੋਵੇਂ ਇਕ ਦੂਜੀ ਦੀਆਂ ਦੁਸ਼ਮਣ । ਮੇਰਾ ਆਪਣਾ ਲਹੂ ਮੈਨੂੰ ਤੁੰਗਦਾ ਸੀ । ਬੈਣੋ ਮੇਰੀ ਸ਼ਰੀਕਣ ਸੀ । ਪਰ ਹੁਣ ਮੈਨੂੰ ਲਗਦੈ ਕਿ ਉਹ ਮੇਰੀ ਹੀ ਕੁੱਖ ਦੀ ਆਵਾਜ਼ ਸੀ । ਉਹ ਠੀਕ ਸੀ ਤੇ ਮੈਂ ਗਲਤ । ਉਹ ਮੇਰੀ ਪੂਰਤੀ ਸੀ । ਮੇਰੇ ਸੁਤੇ ਭਾਗਾਂ ਨੂੰ ਜਗਾਉਣ ਦੀ ਜ਼ਿਮੇਦਾਰ । ਮੈਂ ਆਪਣੀ ਧੀ ਰਾਹੀਂ ਆਪਣੀ ਹੋਈ ਹੰਢਾ ਲਈ । ਬੈਣੋ ਮੇਰਾ ਹੀ ਰੂਪ ਸੀ ।

6. 'ਦਿਲਚਸਪ ਚਰਿਤਰ-ਚਿਤ੍ਰਣ, ਬੋਲੀ ਦੀ ਠੇਠਤਾ, ਮੁਹਾਵਰੇ ਦੀ ਠੁੱਕ ਅਤੇ ਚਮਤਕਾਰੀ ਸ਼ਬਦ-ਚੋਣ ਨੇ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਨੂੰ ਸ਼ਾਹ ਮੁਹੰਮਦ ਦੀ ਨਾਮਣਾ ਖਟਣ ਵਾਲੀ ਰਚਨਾ ਬਣਾ ਦਿਤਾ ਹੈ ।' ਚਰਚਾ ਕਰੋ । 60

7. ਸ਼ੈਲੀ ਤੋਂ ਕੀ ਭਾਵ ਹੈ ? ਸ਼ੈਲੀਕਾਰ ਅਤੇ ਵਾਰਤਕਕਾਰ ਵਿਚ ਕੀ ਅੰਤਰ ਹੁੰਦਾ ਹੈ ? ਗੁਰਬਖਸ਼ ਸਿੰਘ ਪ੍ਰੀਤਲੜੀ ਜਾਂ ਬਲਰਾਜ ਸਾਹਨੀ ਨੂੰ ਇਕ ਸ਼ੈਲੀਕਾਰ ਵਜੋਂ ਪਰਖੋ । 60

8. 'ਇਕ ਮਿਆਨ ਦੋ ਤਲਵਾਰਾਂ' ਦਾ ਵਿਸ਼ਾ ਤਾਂ ਸੁਤੰਤਰਤਾ ਸੰਗ੍ਰਾਮ ਹੈ ਪਰ ਇਹ ਉਪਭਾਵਕ ਪਿਆਰ ਦੀ ਇਕ ਰੋਮਾਂਟਿਕ ਕਹਾਣੀ ਬਣ ਕੇ ਰਹਿ ਗਿਆ ਹੈ । ਇਸ ਨਾਵਲ ਦੇ ਆਧਾਰ ਤੇ ਨਾਨਕ ਸਿੰਘ ਦੀ ਨਾਵਲ-ਕਲਾ ਦੇ ਗੁਣ-ਦੋਸ਼ ਪਰਖੋ । 60

punjabiforias.com
by Satinder Sir

Scanned with CamScanner